ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਅਧਿਸੂਚਨਾ

ਨੰ: 7/7/2023-5FP1/63 ਮਿਤੀ,ਚੰਡੀਗੜ੍ਹ:- 11.07.2024

ਪ੍ਰਸੋਨਲ ਵਿਭਾਗ ਵੱਲੋਂ ਅਧਿਸੂਚਨਾ ਨੰ: 10/5/2023-3ਪੀ.ਪੀ.3/399 ਮਿਤੀ 21.09.2023 ਰਾਹੀਂ ਗਠਿਤ ਅਨਾਮਲੀ ਕਮੇਟੀ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਅਤੇ ਇਸ ਦੀ ਮੀਟਿੰਗ ਆਦਿ ਕਰਵਾਉਣ/ਰਿਕਾਰਡ ਦੀ ਸਾਭ ਸੰਭਾਲ ਹਿੱਤ ਅਨਾਮਲੀ ਸ਼ਾਖਾ ਦਾ ਗਠਨ ਆਰਜ਼ੀ ਤੌਰ ਤੇ ਅਨਾਮਲੀ ਕਮੇਟੀ ਦੇ ਰਿਪੋਰਟ ਸਰਕਾਰ ਨੂੰ ਪੇਸ਼ ਕੀਤੇ ਜਾਣ ਉਪਰੰਤ ਰਿਕਾਰਡ ਸਬਮਿਟ ਕੀਤੇ ਜਾਣ ਤੱਕ ਕੀਤਾ ਜਾਂਦਾ ਹੈ। ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਪਿ.ਅੰ.ਨੰ: GAD-EST10MISC/23/2024-3E1/I/855675/2024 ਮਿਤੀ 04.06.2024 ਰਾਹੀਂ ਅਲਾਟ ਕੀਤੇ ਸਟਾਫ ਨੂੰ ਅਨਾਮਲੀ ਸ਼ਾਖਾ ਲਈ ਹੇਠ ਅਨੁਸਾਰ ਤੈਨਾਤ ਕੀਤਾ ਜਾਂਦਾ ਹੈ:-

| ਲੜੀ ਨੰ: | ਨਾਮ ਅਤੇ ਪਿਤਾ ਦਾ ਨਾਮ (ਸਰਵ/ਸ੍ਰੀ/ਸ੍ਰੀਮਤੀ) | ਅਹੁਦਾ | ਮੌਜੂਦਾ ਤੈਨਾਤੀ | ਵਿਸ਼ੇਸ ਕਥਨ |
|---|---|---|---|---|
| 1. | ਵਰਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ | ਸੀਨੀਅਰ ਸਹਾਇਕ | ਵਿੱਤ ਖਰਚਾ-3 ਸ਼ਾਖਾ | |
| 2. | ਵਿਨੈ ਕੁਮਾਰ ਪੁੱਤਰ ਸ੍ਰੀ ਬਲਦੇਵ ਰਾਜ | ਸੀਨੀਅਰ ਸਹਾਇਕ | ਤਕਨੀਕੀ ਸਿੱਖਿਆ - 2 ਸ਼ਾਖਾ | |
| 3. | ਰਮਨਦੀਪ ਕੌਰ ਪੁੱਤਰੀ ਸ੍ਰੀ ਰਣਬੀਰ ਸਿੰਘ | ਕਲਰਕ | ਤੈਨਾਤੀ ਲਈ ਉਪਲੱਬਧ | |
| 4. | ਸੁਰਜੀਤ ਕੌਰ ਪੁੱਤਰੀ ਸ੍ਰੀ ਰੂਪ ਚੰਦ | ਮੁੱਖ ਸੇਵਾਦਾਰ | ਵਿੱਤ ਬਜ਼ਟ -2 ਸ਼ਾਖਾ | |

ਇਸ ਦੇ ਨਾਲ ਹੀ ਵਿੱਤ ਵਿਭਾਗ ਵਿਖੇ ਕੰਮ ਕਰ ਰਹੇ ਅਧੀਨ ਸਕੱਤਰ ਸ੍ਰੀਮਤੀ ਸਰੋਜ ਪੁੱਤਰੀ ਸ੍ਰੀ ਚਮਨ ਲਾਲ ਅਤੇ ਸੁਪਰਡੰਟ ਸ੍ਰੀ ਮੁਨੀਸ਼ ਸੇਠੀ ਪੁੱਤਰ ਸ੍ਰੀ ਸਤਪਾਲ ਸੇਠੀ, ਵਿੱਤ ਪ੍ਰਸੋਨਲ -1 ਸ਼ਾਖਾ ਆਪਣੇ ਕੰਮ ਦੇ ਨਾਲ ਨਾਲ ਪੇਅ ਅਨਾਮਲੀ ਕਮੇਟੀ ਦਾ ਕੰਮ ਵਾਧੂ ਤੌਰ ਤੇ ਕਰਨਗੇ।

ਮਿਤੀ,ਚੰਡੀਗੜ੍ਹ
08-07-2024

ਅਜੋਏ ਕੁਮਾਰ ਸਿਨਹਾ

ਪ੍ਰਮੁੱਖ ਸਕੱਤਰ, ਵਿੱਤ ਵਿਭਾਗ

ਨੰ: 7/7/2023-5FP1/64 ਮਿਤੀ,ਚੰਡੀਗੜ੍ਹ: 11.07.2024

ਉਪਰੋਕਤ ਦਾ ਇੱਕ ਉਤਾਰਾ ਅਨਾਮਲੀ ਕਮੇਟੀ ਦੇ ਚੇਅਰਮੈਨ/ਮੈਂਬਰਜ਼/ਮੈਂਬਰ ਸਕੱਤਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਨੰ: 7/7/2023-5FP1/65 ਮਿਤੀ,ਚੰਡੀਗੜ੍ਹ: 11.07.2024

ਉਪਰੋਕਤ ਦਾ ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ/ਵਿੱਤੀ ਕਮਿਸਨਰਜ਼/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਨੰ: 7/7/2023-5FP1/66 ਮਿਤੀ,ਚੰਡੀਗੜ੍ਹ: 11.07.2024

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀਆਂ, ਰਜਿਸਟਰਾਰ,ਪੰਜਾਬ ਅਤੇ ਹਰਿਆਣਾ ਹਾਈਕੋਰਟ, ਡਵੀਜ਼ਨਾਂ ਦੇ ਕਮਿਸ਼ਨਰਜ਼, ਡਿਪਟੀ ਕਮਿਸ਼ਨਰਜ਼ ਅਤੇ ਸਬ ਡਵੀਜ਼ਨਲ ਮੈਜਿਸਟਰੇਟਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਨੰ: 7/7/2023-5FP1/67 ਮਿਤੀ,ਚੰਡੀਗੜ੍ਹ: 11.07.2024

ਉਪਰੋਕਤ ਦਾ ਇੱਕ ਉਤਾਰਾ ਓ.ਐਸ.ਡੀ./ਮੁੱਖ ਸਕੱਤਰ ਜੀ ਨੂੰ ਮੁੱਖ ਸਕੱਤਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਨੰ: 7/7/2023-5FP1/68 ਮਿਤੀ,ਚੰਡੀਗੜ੍ਹ: 11.07.2024

ਉਪਰੋਕਤ ਦਾ ਇੱਕ ਉਤਾਰਾ ਪ੍ਰਸੋਨਲ ਵਿਭਾਗ (ਪੀ.ਪੀ.-3 ਸ਼ਾਖਾ) ਅਤੇ ਆਮ ਰਾਜ ਪ੍ਰਬੰਧ ਵਿਭਾਗ (ਅਮਲਾ-1 ਸ਼ਾਖਾ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਨੰ: 7/7/2023-5FP1/69 ਮਿਤੀ,ਚੰਡੀਗੜ੍ਹ: 11.07.2024

ਉਪਰੋਕਤ ਦਾ ਇੱਕ ਉਤਾਰਾ ਅਨਾਮਲੀ ਸ਼ਾਖਾ ਲਈ ਤੈਨਾਤ ਕੀਤੇ ਗਏ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-3 ਸ਼ਾਖਾ)

ਅਧਿਸੂਚਨਾ

ਨੰ: 10/05/2023-3ਪੀਪੀ3/399

ਮਿਤੀ 21 ਸਤੰਬਰ, 2023

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਸਨਮੁੱਖ ਰਾਜ ਸਰਕਾਰ ਵੱਲੋਂ ਜਾਰੀ ਕੀਤੇ ਤਨਖਾਹ ਢਾਂਚੇ ਵਿੱਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਰਾਜ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਵੱਲੋਂ ਪ੍ਰਾਪਤ ਹੋਣ ਵਾਲੀਆਂ ਪ੍ਰਤੀਬੇਨਤੀਆਂ ਤੇ ਵਿਚਾਰ ਕਰਨ ਹਿੱਤ ਨਿਮਨ ਅਨੁਸਾਰ ਇੱਕ ਕਮੇਟੀ ਦਾ ਗਠਨ ਕਰਦੇ ਹਨ:-

| | | |
|---|---|---|
| 1. | ਸ੍ਰੀ ਕੇ.ਏ.ਪੀ. ਸਿਨਹਾ, ਆਈ.ਏ.ਐਸ.,<br>ਵਿਸ਼ੇਸ਼ ਮੁੱਖ ਸਕੱਤਰ (ਮਾਲ) | - ਚੇਅਰਮੈਨ |
| 2. | ਪ੍ਰਬੰਧਕੀ ਸਕੱਤਰ,<br>ਗ੍ਰਹਿ ਮਾਮਲੇ ਤੇ ਨਿਆਂ ਵਿਭਾਗ | - ਮੈਂਬਰ |
| 3. | ਪ੍ਰਬੰਧਕੀ ਸਕੱਤਰ,<br>ਸਕੂਲ ਸਿੱਖਿਆ ਵਿਭਾਗ | - ਮੈਂਬਰ |
| 4. | ਪ੍ਰਬੰਧਕੀ ਸਕੱਤਰ,<br>ਸਿਹਤ ਤੇ ਪਰਿਵਾਰ ਭਲਾਈ ਵਿਭਾਗ | - ਮੈਂਬਰ |
| 5. | ਪ੍ਰਬੰਧਕੀ ਸਕੱਤਰ,<br>ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ | - ਮੈਂਬਰ |
| 6. | ਸਕੱਤਰ,<br>ਪ੍ਰਸੋਨਲ ਵਿਭਾਗ | - ਮੈਂਬਰ |
| 7. | ਸ੍ਰੀ ਦੀਪਰਵਾ ਲਾਕਰਾ, ਆਈ.ਏ.ਐਸ.<br>ਸਕੱਤਰ, ਪੰਜਾਬ ਸਰਕਾਰ | - ਮੈਂਬਰ |
| 8. | ਸ੍ਰੀ ਅਭਿਨਵ ਤ੍ਰਿਖਾ, ਆਈ.ਏ.ਐਸ.,<br>ਸਕੱਤਰ, ਪੰਜਾਬ ਸਰਕਾਰ | - ਮੈਂਬਰ |
| 9. | ਸਕੱਤਰ (ਖਰਚਾ), ਵਿੱਤ ਵਿਭਾਗ | - ਮੈਂਬਰ |
| 10. | ਸਕੱਤਰ/ਵਿਸ਼ੇਸ਼ ਸਕੱਤਰ ਵਿੱਤ | - ਮੈਂਬਰ ਸਕੱਤਰ |

ਕਮੇਟੀ ਐਸ.ਏ.ਐਸ. ਕਾਡਰ ਦੇ ਦੋ (02) ਮਾਹਿਰਾਂ ਨੂੰ ਚੁਣ ਸਕਦੀ ਹੈ, ਜਿਨ੍ਹਾਂ ਨੂੰ ਪੇਅ ਅਨਾਮਲੀਆਂ ਨੂੰ ਡੀਲ ਕਰਨ ਸਬੰਧੀ ਜਾਣਕਾਰੀ ਤੇ ਤਜ਼ਰਬਾ ਹੋਵੇ ਅਤੇ ਜੋ ਇਨ੍ਹਾਂ ਅਨਾਮਲੀਆਂ ਨੂੰ ਦੂਰ ਕਰਨ ਵਿੱਚ ਯੋਗਦਾਨ ਦੇ ਸਕਦੇ ਹੋਣ।

ਮਿਤੀ, ਚੰਡੀਗੜ੍ਹ:
18 ਸਤੰਬਰ, 2023

ਅਨੁਰਾਗ ਵਰਮਾ,
ਮੁੱਖ ਸਕੱਤਰ, ਪੰਜਾਬ ਸਰਕਾਰ

ਨੰ: 10/05/2023-3ਪੀਪੀ3/400

ਮਿਤੀ, ਚੰਡੀਗੜ੍ਹ: 21.09.2023

ਉਪਰੋਕਤ ਦਾ ਇਕ ਉਤਾਰਾ ਕਮੇਟੀ ਦੇ ਚੇਅਰਮੈਨ/ਮੈਂਬਰਜ/ਮੈਂਬਰ ਸਕੱਤਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/401

ਮਿਤੀ, ਚੰਡੀਗੜ੍ਹ: 21.09.2023

ਉਪਰੋਕਤ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/402

ਮਿਤੀ, ਚੰਡੀਗੜ੍ਹ: 21.09.2023

ਉਪਰੋਕਤ ਦਾ ਇਕ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀਆਂ, ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਡਵੀਜ਼ਨਾ ਦੇ ਕਮਿਸ਼ਨਰਜ਼, ਡਿਪਟੀ ਕਮਿਸ਼ਨਰਜ ਅਤੇ ਸਬ ਡਵੀਜ਼ਨਲ ਮੈਜਿਸਟਰੇਟਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/403

ਮਿਤੀ, ਚੰਡੀਗੜ੍ਹ: 21.09.2023

ਉਪਰੋਕਤ ਦਾ ਇਕ ਉਤਾਰਾ ਓ.ਐਸ.ਡੀ./ਮੁੱਖ ਸਕੱਤਰ ਜੀ ਨੂੰ ਮੁੱਖ ਸਕੱਤਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/404

ਮਿਤੀ, ਚੰਡੀਗੜ੍ਹ: 21.09.2023

ਉਪਰੋਕਤ ਦਾ ਇਕ ਉਤਾਰਾ ਵਿੱਤ ਵਿਭਾਗ (ਵਿੱਤ ਪ੍ਰਸੋਨਲ – 1 ਸ਼ਾਖਾ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਨੰ: 10/05/2023-3ਪੀਪੀ3/405

ਮਿਤੀ, ਚੰਡੀਗੜ੍ਹ: 21.09.2023

ਉਪਰੋਕਤ ਦਾ ਇਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਹ ਨੋਟੀਫਿਕੇਸ਼ਨ (ਬਿਨ੍ਹਾਂ ਉਤਾਰਿਆਂ ਦੇ) ਸਧਾਰਨ ਗਜਟ ਵਿੱਚ ਛਾਪਣ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ